# ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ

# ਤੇ ਕਾਲਜ ਸਥਾਪਨਾ ਦਿਵਸ

ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ ਦੇਵ ਨਗਰ ਵਿਖੇ ਕਾਲਜ ਦਾ 46ਵਾਂ ਸਥਾਪਨਾ ਦਿਵਸ ਬੜੀ ਧੂਮਧਾਮ ਮਨਾਇਆ ਗਿਆ। ਇਹ ਦਿਵਸ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਰਿਹਾ। ਸਥਾਪਨਾ ਦਿਵਸ ਦੇ ਮੌਕੇ ਉਤੇ ਕਾਲਜ ਦੇ ਅਧਿਆਪਕ ਡਾ. ਭੁਪਿੰਦਰ ਕੌਰ ਤੇ ਡਿਵਨਿਟੀ ਸੋਸਾਇਟੀ ਦੇ ਵਿਦਿਆਰਥੀਆਂ ਨੇ ਕੀਰਤਨ ਕੀਤਾ। ਇੱਥੇ ਪੰਥ ਦੇ ਕੀਰਤਨੀਏ ਮਨਪ੍ਰੀਤ ਸਿੰਘ ਕਾਨਪੁਰੀ ਜੀ ਨੇ ਕੀਰਤਨ ਕਰ ਸੰਗਤਾਂ ਨੂੰ ਨਿਹਾਲ ਕੀਤਾ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਇਕਾਗਰ ਹੋ ਕੇ ਪਾਠ ਕਰਨ ਲਈ ਵੀ ਪ੍ਰੇਰਿਆ।

ਸਥਾਪਨਾ ਦਿਵਸ ਤੋਂ ਤਿੰਨ ਪਹਿਲਾ ਹੀ ਕਾਲਜ ਵਿਖੇ ਸਵੇਰੇ ਜਪੁਜੀ ਸਾਹਿਬ ਦਾ ਪਾਠ ਕੀਤਾ ਜਾਂਦਾ ਰਿਹਾ। ਇਸ ਮੌਕੇ ਉਤੇ ਗੁਰੂ ਨਾਨਕ ਦੀਆਂ ਸਿੱਖਿਆਵਾਂ ਨੂੰ ਆਧਾਰ ਬਣਾ ਕੇ ਕਾਲਜ ਵਿਦਿਆਰਥੀਆਂ ਨੇ ਲਘੂ ਫਿਲਮਾਂ ਵੀ ਬਣਾਈਆਂ।ਜਿਸ ਵਿੱਚ ਪਹਿਲਾ ਇਨਾਮ ਸਵਰਨਜੀਤ ਸਿੰਘ ਨੂੰ 'ਗੋਲਕ' ਫਿਲਮ ਲਈ ਤੇ ਦੂਜਾ ਇਨਾਮ ਹਰਮਨ ਸਿੰਘ ਨੂੰ ਦਿੱਤਾ ਗਿਆ।

ਸ਼ਾਮ ਵੇਲੇ ਇਹ ਪ੍ਰੋਗਰਾਮ ਹੋਣ ਕਾਰਣ ਸਾਰਾ ਕਾਲਜ ਦੀਪਮਾਲਾ ਨਾਲ ਜਗਮਗਾ ਰਿਹਾ ਸੀ। ਵਿਦਿਆਰਥੀਆਂ ਨੇ ਮਿਲ ਕੇ ਮੋਮਬੱਤੀਆਂ ਵੀ ਬਾਲੀਆਂ।ਸਮਾਪਤੀ ਮਗਰੋਂ ਗੁਰੂ ਦਾ ਲੰਗਰ ਅਤੁੱਟ ਵਰਤਿਆ।ਇਸ ਮੌਕੇ ਉਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਝ ਮੈਂਬਰ ਵੀ ਸ਼ਾਮਿਲ ਹੋਏ।ਪ੍ਰੋਗਰਾਮ ਦਾ ਸਫਲ ਆਯੋਜਨ ਕਾਲਜ ਦੇ ਪ੍ਰਿੰਸੀਪਲ ਡਾ. ਗੁਰਮੋਹਿੰਦਰ ਸਿੰਘ ਤੇ ਡਿਵਨਿਟੀ ਸੋਸਾਇਟੀ ਦੇ ਕਨਵੀਨਰ ਆਈ.ਪੀ ਸਿੰਘ ਵਲੋਂ ਕੀਤਾ ਗਿਆ।